ਤੱਥ ਸ਼ੀਟ

# ਆਪਣਾ ਵਿਕਟੋਰੀਅਨ ਡਰਾਈਵਰ ਲਾਈਸੈਂਸ ਕਿਵੇਂ ਲੈਣਾ ਹੈ

## ਵਿਦੇਸ਼ੀ ਲਾਈਸੈਂਸ ਧਾਰਕਾਂ ਵਾਸਤੇ ਗਾਈਡ

ਵਿਕਟੋਰੀਆ ਵਿੱਚ ਲਾਈਸੈਂਸ ਲੈਣ ਤੇ ਗੱਡੀ ਚਲਾਉਣ ਵਾਸਤੇ, ਵਿਕਰੋਡਜ਼ ਨੂੰ ਤਸੱਲੀ ਹੋਣੀ ਜ਼ਰੂਰੀ ਹੈ ਕਿ ਤੁਸੀਂ ਸੜਕ ਦੇ ਨਿਯਮ ਜਾਣਦੇ ਹੋ ਅਤੇ ਕਾਰ ਨੂੰ ਸੁਰੱਖਿਅਤ ਤਰੀਕੇ ਨਾਲ ਕੰਟਰੋਲ ਕਰ ਸਕਦੇ ਹੋ।

### ਆਰਜ਼ੀ ਵੀਜ਼ਾ ਧਾਰਕ

ਜੇ ਤੁਸੀਂ ਵਿਕਟੋਰੀਆ ਵਿੱਚ ਆਰਜ਼ੀ ਵੀਜ਼ੇ ਉਪਰ ਹੋ ਤਾਂ ਤੁਸੀਂ ਆਪਣੇ ਵਿਦੇਸ਼ੀ ਡਰਾਈਵਰ ਲਾਈਸੈਂਸ (ਇਸ ਦਾ ਚਲੰਤ ਤੇ ਵੈਧ ਹੋਣਾ ਜ਼ਰੂਰੀ ਹੈ) ਨਾਲ ਅਣਮਿਥੇ ਸਮੇਂ ਲਈ ਗੱਡੀ ਚਲਾ ਸਕਦੇ ਹੋ। ਤੁਹਾਡਾ ਵਿਦੇਸ਼ੀ ਡਰਾਈਵਰ ਲਾਈਸੈਂਸ ਦਾ ਅੰਗਰੇਜੀ ਵਿੱਚ ਹੋਣਾ ਜ਼ਰੂਰੀ ਹੈ (ਜਾਂ ਇਸ ਦੇ ਨਾਲ ਅੰਗਰੇਜ਼ੀ ਦਾ ਅਨੁਵਾਦ ਜਾਂ ਅੰਤਰ-ਰਾਸ਼ਟਰੀ ਡਰਾਈਵਿੰਗ ਪਰਮਿਟ ਹੋਣਾ ਚਾਹੀਦਾ ਹੈ)। ਜੇ ਤੁਸੀਂ ਵਿਕਟੋਰੀਅਨ ਲਾਈਸੈਂਸ ਲਈ ਬੇਨਤੀ ਕੀਤੀ ਹੈ, ਇਕ ਵਾਰ ਲੋੜੀਂਦੇ ਟੈਸਟ ਪਾਸ ਕਰਕੇ ਇਹ ਮਿਲ ਸਕਦਾ ਹੈ, ਤੁਹਾਡਾ ਵਿਦੇਸ਼ੀ ਲਾਈਸੈਂਸ ਡਰਾਈਵਿੰਗ ਲਈ ਵੈਧ ਨਹੀਂ ਰਹੇਗਾ।

### ਪੱਕੇ ਵਸਨੀਕ

ਜੇ ਤੁਸੀਂ ਵਿਕਟੋਰੀਆ ਵਿੱਚ ਪੱਕੇ ਵੀਜ਼ੇ ਉਪਰ ਹੋ ਤਾਂ ਤੁਸੀਂ ਆਪਣੇ ਵਿਦੇਸ਼ੀ ਡਰਾਈਵਰ ਲਾਈਸੈਂਸ (ਇਸ ਦਾ ਚਲੰਤ ਤੇ ਵੈਧ ਹੋਣਾ ਜ਼ਰੂਰੀ ਹੈ) ਨਾਲ ਗੱਡੀ ਚਲਾ ਸਕਦੇ ਹੋ:

- ਤੁਹਾਡੇ ਆਸਟ੍ਰੇਲੀਆ ਵਿੱਚ ਦਾਖਲ ਹੋਣ ਦੀ ਤਰੀਕ ਦੇ ਛੇ ਮਹੀਨਿਆਂ ਤੱਕ (ਜੇਕਰ ਪੱਕਾ ਵੀਜ਼ਾ ਤੁਹਾਡੇ ਆਸਟ੍ਰੇਲੀਆ ਵਿੱਚ ਦਾਖਲ ਹੋਣ ਤੋਂ ਪਹਿਲਾਂ ਜਾਰੀ ਹੋਇਆ ਹੋਵੇ), ਜਾਂ
- ਤੁਹਾਨੂੰ ਪੱਕਾ ਵੀਜ਼ਾ ਮਿਲਣ ਦੀ ਤਰੀਕ ਦੇ ਛੇ ਮਹੀਨਿਆਂ ਤੱਕ (ਜੇਕਰ ਪੱਕਾ ਵੀਜ਼ਾ ਤੁਹਾਨੂੰ ਆਸਟ੍ਰੇਲੀਆ ਵਿੱਚ ਜਾਰੀ ਹੋਇਆ ਹੋਵੇ)।

ਤੁਹਾਡਾ ਵਿਦੇਸ਼ੀ ਡਰਾਈਵਰ ਲਾਈਸੈਂਸ ਦਾ ਅੰਗਰੇਜੀ ਵਿੱਚ ਹੋਣਾ ਜ਼ਰੂਰੀ ਹੈ (ਜਾਂ ਇਸ ਦੇ ਨਾਲ ਅੰਗਰੇਜ਼ੀ ਦਾ ਅਨੁਵਾਦ ਜਾਂ ਅੰਤਰ-ਰਾਸ਼ਟਰੀ ਡਰਾਈਵਿੰਗ ਪਰਮਿਟ ਹੋਣਾ ਚਾਹੀਦਾ ਹੈ)। ਜੇ ਤੁਸੀਂ ਛੇ ਮਹੀਨਿਆਂ ਤੋਂ ਬਾਅਦ ਵੀ ਗੱਡੀ ਚਲਾਉਣਾ ਜਾਰੀ ਰੱਖਣਾ ਚਾਹੁੰਦੇ ਹੋ, ਤੁਹਾਨੂੰ ਵਿਕਟੋਰੀਅਨ ਲਾਈਸੈਂਸ ਦੀ ਲੋੜ ਪਵੇਗੀ।

**ਵਿਕਟੋਰੀਅਨ ਲਾਈਸੈਂਸ ਲੈਣ ਵਾਸਤੇ ਤੁਹਾਡੀ ਉਮਰ 18 ਸਾਲ ਦੀ ਹੋਣੀ ਚਾਹੀਦੀ ਹੈ।**

### ਆਪਣਾ ਵਿਕਟੋਰੀਅਨ ਲਾਈਸੈਂਸ ਲੈਣਾ

ਕੁਝ ਦੇਸ਼ਾਂ ਵਿੱਚ ਆਸਟ੍ਰੇਲੀਆ ਨਾਲ ਮਿਲਦੇ ਜੁਲਦੇ ਲਾਈਸੈਂਸ ਦੇ ਮਿਆਰ ਹਨ ਅਤੇ ਤੁਸੀਂ ਬਿਨਾਂ ਟੈਸਟ ਦੇ ਵਿਦੇਸ਼ੀ ਲਾਈਸੈਂਸ ਨੂੰ ਵਿਕਟੋਰੀਅਨ ਲਾਈਸੈਂਸ ਵਿੱਚ ਬਦਲ ਸਕਦੇ ਹੋ, ਤੁਹਾਡਾ ਲਾਈਸੈਂਸ ਚਲੰਤ ਹੋਵੇ ਜਾਂ ਪੰਜ ਸਾਲ ਤੋਂ ਜ਼ਿਆਦਾ ਪਹਿਲਾਂ ਖਤਮ ਨਾ ਹੋਇਆ ਹੋਵੇ। ਇਹ ਦੇਖਣ ਲਈ ਕਿ ਤੁਹਾਡਾ ਦੇਸ਼ ਸੂਚੀ ਵਿੱਚ ਹੈ, ਇੱਥੇ ਜਾਓ: **vicroads.vic.gov.au/OverseasDriversLicences**

ਵਿਕਟੋਰੀਅਨ ਲਾਈਸੈਂਸ ਜਾਰੀ ਕਰਵਾਉਣ ਵਾਸਤੇ ਨਿਯੁਕਤੀ ਸਮੇਂ ਲਈ 13 11 71 ਤੇ ਫੋਨ ਕਰੋ ਜਾਂ ਵਿਕਰੋਡਜ਼ ਗਾਹਕ ਸੇਵਾ ਕੇਂਦਰ ਤੇ ਜਾਓ।

ਜੇ ਤੁਹਾਡਾ ਲਾਈਸੈਂਸ ਇਹਨਾਂ ਦੇਸ਼ਾਂ ਦੀ ਸੂਚੀ ਵਿੱਚ ਨਹੀਂ ਹੈ, ਤੁਹਾਨੂੰ ਪਾਸ ਕਰਨਾ ਪਵੇਗਾ:

- ਕੰਪਿਊਟਰ ਉਪਰ ਹੈਜ਼ਰਡ ਪਰਸੈਪਸ਼ਨ ਟੈਸਟ, ਅਤੇ
- ਕੰਪਿਊਟਰ ਉਪਰ ਹੈਜ਼ਰਡ ਪਰਸੈਪਸ਼ਨ ਟੈਸਟ, ਅਤੇ
- ਸੜਕ ਉਪਰ ਡਰਾਈਵਿੰਗ ਟੈਸਟ।

ਇਹ ਟੈਸਟ ਵਿਕਰੋਡਜ਼ ਗਾਹਕ ਸੇਵਾ ਕੇਂਦਰ ਤੇ ਹੁੰਦੇ ਹਨ ਅਤੇ ਪਹਿਲਾਂ ਤੋਂ ਬੁੱਕ ਕਰਵਾਉਣੇ ਪੈਂਦੇ ਹਨ। ਹਰ ਅਗਲੇ ਟੈਸਟ ਵਿੱਚ ਬੈਠਣ ਤੋਂ ਪਹਿਲਾਂ ਤੁਹਾਨੂੰ ਆਪਣਾ ਪਹਿਲਾ ਟੈਸਟ ਪਾਸ ਕਰਨਾ ਜ਼ਰੂਰੀ ਹੁੰਦਾ ਹੈ। ਟੈਸਟਾਂ ਦੇ ਨਤੀਜੇ 12 ਮਹੀਨਿਆਂ ਲਈ ਵੈਧ ਹੁੰਦੇ ਹਨ। ਜੇ ਇਸ ਸਮੇਂ ਦੌਰਾਨ ਲਾਈਸੈਂਸ ਜਾਰੀ ਨਹੀਂ ਹੁੰਦਾ ਤਾਂ ਇਕ ਨਵੇਂ ਟੈਸਟ ਦੀ ਲੋੜ ਪਵੇਗੀ।

### ਲਾਈਸੈਂਸ ਦੇ ਅਨੁਵਾਦ

ਅੰਤਰ-ਰਾਸ਼ਟਰੀ ਡਰਾਈਵਿੰਗ ਪਰਮਿਟ ਨੂੰ ਅਨੁਵਾਦ ਵਜੋਂ ਮੰਨਿਆ ਜਾਂਦਾ ਹੈ ਪਰ ਇਸ ਦੇ ਨਾਲ ਵਿਦੇਸ਼ੀ ਡਰਾਈਵਰ ਲਾਈਸੈਂਸ ਦਾ ਹੋਣਾ ਜ਼ਰੂਰੀ ਹੈ।

ਜੇ ਤੁਹਾਡੇ ਕੋਲ ਪਰਮਿਟ ਨਹੀਂ ਹੈ ਅਤੇ ਤਾਂ ਤੁਹਾਡਾ ਵਿਦੇਸ਼ੀ ਡਰਾਈਵਰ ਲਾਈਸੈਂਸ ਅੰਗਰੇਜੀ ਵਿੱਚ ਨਹੀਂ ਹੈ ਤਾਂ ਇਸ ਨਾਲ ਅੰਗਰੇਜ਼ੀ ਦਾ ਅਨੁਵਾਦ ਹੋਣਾ ਜ਼ਰੂਰੀ ਹੈ। ਅਨੁਵਾਦ ਤੁਹਾਡੇ ਖ਼ਰਚੇ ਤੇ ਹੋਵੇਗਾ।

ਵਿਕਰੋਡਜ਼ ਸਿਰਫ ਇਹਨਾਂ ਦੁਆਰਾ ਹੀ ਅਨੁਵਾਦਾਂ ਨੂੰ ਮੰਨਦੀ ਹੈ:

- ਨਾਟੀ (NAATI) ਦੇ ਪਰਵਾਨਤ (ਕਿਸੇ ਵੀ ਦਰਜੇ ਦੇ) ਅਨੁਵਾਦਕ, ਜਾਂ
- ਯੋਗ ਆਸਟ੍ਰੇਲੀਅਨ ਕੰਸਲੇਟ, ਜਾਂ
- ਸਰੋਤ ਦੇ ਦੇਸ਼ ਤੋਂ ਸਰਕਾਰੀ ਅਨੁਵਾਦਕ ਪਾਸੋਂ

ਜੇ ਤੁਹਾਡੇ ਕੋਲ ਤੁਹਾਡਾ ਲਾਈਸੈਂਸ ਨਹੀਂ ਹੈ ਤਾਂ ਤੁਸੀਂ ਇਹਨਾਂ ਪਾਸੋਂ ਅਸਲੀ ਪੱਤਰ ਜਾਂ ਤਸਦੀਕ ਸ਼ੁਦਾ ਕਾਪੀ ਦੇ ਸਕਦੇ ਹੋ:

- ਤੁਹਾਡੇ ਦੇਸ਼ ਦੀ ਲਾਈਸੈਂਸ ਅਥਾਰਿਟੀ ਵੱਲੋਂ ਤੁਹਾਡੇ ਲਾਈਸੈਂਸ ਦੇ ਵੇਰਵਿਆਂ ਦੀ ਤਸਦੀਕ
- ਤੁਹਾਡੇ ਕੰਸਲੇਟ ਵੱਲੋਂ ਦੇਸ਼ ਦੀ ਲਾਈਸੈਂਸ ਅਥਾਰਿਟੀ ਪਾਸੋਂ ਤੁਹਾਡੇ ਲਾਈਸੈਂਸ ਦੇ ਵੇਰਵਿਆਂ ਦੀ ਤਸਦੀਕ

## ਲਾਈਸੈਂਸ ਟੈਸਟ

### ਟੈਸਟਾਂ ਦੀ ਬੁਕਿੰਗ

- 13 11 71 ਨੂੰ ਫੋਨ ਕਰੋ।
- ਨਿਯੁਕਤੀ ਦਾ ਸਮਾਂ ਲੈਂਦੇ ਸਮੇਂ ਤੁਹਾਨੂੰ ਟੈਸਟ ਦੀ ਫੀਸ ਦੇਣੀ ਪਵੇਗੀ।
- ਜੇਕਰ ਤੁਹਾਡੀ ਭਾਸ਼ਾ ਵਿੱਚ ਟੈਸਟ ਉਪਲਬਧ ਨਹੀਂ ਹੈ ਅਤੇ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਵਿਕਰੋਡਜ਼ ਮੁਫਤ ਦੋਭਾਸ਼ੀਆ ਪਰਦਾਨ ਕਰ ਸਕਦਾ ਹੈ। ਦੋਭਾਸ਼ੀਏ ਵਾਸਤੇ ਵਿਕਰੋਡਜ਼ ਗਾਹਕ ਸੇਵਾ ਕੇਂਦਰ ਤੇ ਜਾਓ।
- ਗਾਹਕ ਸੇਵਾ ਅਫਸਰ ਤੁਹਾਨੂੰ ਦੱਸੇਗਾ ਕਿ ਆਪਣੇ ਟੈਸਟ ਸਮੇਂ ਨਾਲ ਕੀ ਲੈ ਕੇ ਆਉਣਾ ਹੈ।

### ਟੈਸਟਾਂ ਲਈ ਹਾਜ਼ਰ ਹੋਣਾ

- ਟੈਸਟ ਦੇ ਸ਼ੁਰੂ ਹੋਣ ਤੋਂ ਦਸ ਮਿੰਟ ਪਹਿਲਾਂ ਪਹੁੰਚੋ।
- ਟੈਸਟ ਵਾਸਤੇ ਜੋ ਜੋ ਤੁਹਾਨੂੰ ਦੱਸਿਆ ਗਿਆ ਸੀ ਨਾਲ ਲੈ ਕੇ ਆਓ
- ਜੇ ਚਾਹੀਦਾ ਹੋਵੇ ਆਪਣਾ ਵਿਦੇਸ਼ੀ ਲਾਈਸੈਂਸ ਅਤੇ ਅਨੁਵਾਦ ਨਾਲ ਲੈ ਕੇ ਆਓ (ਲਾਈਸੈਂਸ ਅਨੁਵਾਦ ਸੈਕਸ਼ਨ ਵੇਖੋ)
- ਜੇ ਤੁਸੀਂ ਲੇਟ ਹੋ ਜਾਂ ਸਹੀ ਦਸਤਾਵੇਜ ਨਹੀਂ ਦਿੱਤੇ ਤਾਂ ਤੁਸੀਂ ਆਪਣੇ ਟੈਸਟ ਵਿੱਚ ਨਹੀਂ ਬੈਠ ਸਕਦੇ।

## ਕੰਪਿਊਟਰ ਉਪਰ ਸੜਕ ਦੇ ਨਿਯਮਾਂ ਦੇ ਗਿਆਨ ਦਾ ਟੈਸਟ

ਟੈਸਟ ਵਾਸਤੇ ਤਿਆਰੀ ਕਰਨ ਲਈ ਤੁਸੀਂ 'ਰੋਡ ਟੂ ਸੋਲੋ ਡਰਾਈਵਿੰਗ ਹੈਂਡਬੁੱਕ' ਕਿਤਾਬ ਪੜ੍ਹੋ ਅਤੇ ਇਸ ਤੋਂ ਜਾਣੂ ਹੋਵੋ, ਇਹ ਤੁਸੀਂ **vicroads.vic.gov.au** ਉਪਰ ਜਾ ਕੇ ਵੇਖ ਸਕਦੇ ਹੋ
ਇਹ ਕਿਤਾਬ ਅੰਗਰੇਜ਼ੀ, ਚੀਨੀ, ਵੀਅਤਨਾਮੀ, ਤੁਰਕਿਸ਼ ਅਤੇ ਅਰਬੀ ਭਾਸ਼ਾਵਾਂ ਵਿੱਚ ਉਪਲਬਧ ਹੈ।

ਟੈਸਟ ਇਹਨਾਂ ਭਾਸ਼ਾਵਾਂ ਵਿੱਚ ਉਪਲਬਧ ਹੈ:

| | | |
|---|---|---|
| ਅਲਬੇਨੀਅਨ | ਮੈਸਡੋਨੀਅਨ | ਸੋਮਾਲੀ |
| ਅਰਬੀ | ਫਾਰਸੀ | ਸਪੈਨਿਸ਼ |
| ਕੈਂਬੋਡੀਅਨ | ਰਸ਼ੀਅਨ | ਤੁਰਕਿਸ਼ |
| ਚੀਨੀ | ਸਰਬੀਅਨ | ਵੀਅਤਨਾਮੀ |
| ਅੰਗਰੇਜ਼ੀ | ਸਿੰਹਾਲੀਜ਼ | |

ਤੁਸੀਂ **vicroads.vic.gov.au** ਉਪਰ ਜਾ ਕੇ ਅੰਗਰੇਜ਼ੀ ਵਿੱਚ ਅਭਿਆਸ ਕਰ ਸਕਦੇ ਹੋ

### ਗਿਆਨ ਟੈਸਟ

- ਸੜਕ ਦੇ ਨਿਯਮਾਂ ਅਤੇ ਡਰਾਈਵਰ ਵਜੋਂ ਤੁਹਾਡੀਆਂ ਜ਼ਿੰਮੇਵਾਰੀਆਂ ਬਾਰੇ ਗਿਆਨ ਨੂੰ ਜਾਂਚਦਾ ਹੈ ਅਤੇ ਇਹ ਰੋਡ ਟੂ ਸੋਲੋ ਡਰਾਈਵਿੰਗ ਕਿਤਾਬ ਉਪਰ ਆਧਾਰਿਤ ਹੁੰਦਾ ਹੈ।
- ਇਸ ਵਿੱਚ 32 ਸਵਾਲ ਹਨ ਅਤੇ ਤੁਹਾਨੂੰ ਪਾਸ ਹੋਣ ਲਈ 78% ਜਾਂ ਜ਼ਿਆਦਾ ਚਾਹੀਦੇ ਹਨ।.

## ਕੰਪਿਊਟਰ ਉਪਰ ਹੈਜ਼ਰਡ ਪਰਸੈਪਸ਼ਨ ਟੈਸਟ

### ਹੈਜ਼ਰਡ ਪਰਸੈਪਸ਼ਨ ਟੈਸਟ:

- ਤੁਹਾਡੀਆਂ ਆਵਾਜਾਈ ਦੀਆਂ ਪਰਿਸਥਤੀਆਂ ਜਿਵੇਂ ਕਿ ਹੋਰ ਗੱਡੀਆਂ, ਪੈਦਲ ਚੱਲਣ ਵਾਲੇ ਅਤੇ ਸਾਈਕਲ ਚਾਲਕਾਂ ਨੂੰ ਪਛਾਨਣਾ ਅਤੇ ਤੁਹਾਡੀ ਪ੍ਰਤੀਕਿਰਿਆ ਨੂੰ ਜਾਂਚਦਾ ਹੈ।
- ਡਰਾਈਵਰ ਦੇ ਹਿਸਾਬ ਨਾਲ ਲਈਆਂ ਛੋਟੀਆਂ ਵੀਡਿਓ ਦੇਖੋਗੇ। ਤੁਸੀਂ ਦੱਸਣਾ ਹੈ ਕਿ ਡਰਾਈਵਰ ਵਜੋਂ ਤੁਸੀਂ ਕਦੋਂ ਪ੍ਰਤੀਕਿਰਿਆ ਕਰੋਗੇ (ਉਦਾਹਰਣ ਵਜੋਂ ਹੌਲੀ ਹੋਣਾ ਜਾਂ ਮੁੜਨਾ ਸ਼ੁਰੂ ਕਰਨਾ)।
- ਤੁਹਾਡੇ ਜਵਾਬਾਂ ਨੂੰ ਸੁਰੱਖਿਆ ਦੇ ਹਿਸਾਬ ਨਾਲ ਜਾਂਚਿਆ ਜਾਵੇਗਾ।
- ਤੁਹਾਨੂੰ ਟੈਸਟ ਪੂਰਾ ਕਰਨ ਲਈ 45 ਮਿੰਟ ਦਾ ਸਮਾਂ ਮਿਲੇਗਾ।
- ਤੁਸੀਂ ਹੈਜ਼ਰਡ ਪਰਸੈਪਸ਼ਨ ਟੈਸਟ ਉਪਰ ਲਿਖੀਆਂ ਭਾਸ਼ਾਵਾਂ ਵਿੱਚ ਦੇ ਸਕਦੇ ਹੋ।

## ਸੜਕ ਉਪਰ ਡਰਾਈਵਿੰਗ ਟੈਸਟ

ਡਰਾਈਵਿੰਗ ਟੈਸਟ ਸੁਰੱਖਿਅਤ ਗੱਡੀ ਚਲਾਉਣ ਦੀ ਤੁਹਾਡੀ ਸਮਰੱਥਾ ਦਾ ਮੁਲਾਂਕਣ ਕਰਨ ਵਿੱਚ ਸਹਾਇਤਾ ਕਰਦਾ ਹੈ। ਤੁਸੀਂ ਜ਼ਰੂਰੀ:

- ਸੁਰੱਖਿਅਤ ਗੱਡੀ ਚਲਾਓ
- ਕਾਰ ਨੂੰ ਵਧੀਆ ਤਰੀਕੇ ਨਾਲ ਕੰਟਰੋਲ ਕਰੋ
- ਸੜਕ ਦੇ ਨਿਯਮਾਂ ਦਾ ਪਾਲਣ ਕਰੋ
- ਹੋਰ ਸੜਕ ਵਰਤਣ ਵਾਲਿਆਂ ਨਾਲ ਮਿਲਵਰਤਣ ਕਰੋ

### ਡਰਾਈਵਿੰਗ ਟੈਸਟ:

- ਚਲਾਉਣ ਤੋਂ ਪਹਿਲਾਂ ਦਾ ਚੈਕ ਅਤੇ ਡਰਾਈਵਿੰਗ ਦੇ ਦੋ ਪੜਾਵਾਂ ਦਾ ਬਣਿਆ ਹੁੰਦਾ ਹੈ।
- ਤੁਸੀਂ ਦੂਸਰੇ ਪੜਾਅ ਵਿੱਚ ਤਾਂ ਹੀ ਜਾ ਸਕੋਗੇ ਜੇ ਤੁਸੀਂ ਪਹਿਲਾ ਪੜਾਅ ਪਾਸ ਕਰੋਗੇ।
- ਪਹਿਲੇ ਪੜਾਅ ਵਿੱਚ 10 ਮਿੰਟਾਂ ਦੀ ਘੱਟ ਚੁਣੌਤੀ ਵਾਲੀ ਆਵਾਜਾਈ ਵਿੱਚ ਡਰਾਈਵਿੰਗ ਹੈ। ਦੂਸਰੇ ਪੜਾਅ ਵਿੱਚ 20 ਮਿੰਟਾਂ ਵਾਸਤੇ ਰੁਝੇਵੇਂ ਵਾਲੀ ਆਵਾਜਾਈ ਦੇ ਹਾਲਾਤਾਂ ਵਿੱਚ ਡਰਾਈਵਿੰਗ ਹੈ।

### ਆਪਣੇ ਨਾਲ ਲਿਆਉਣਾ ਯਕੀਨੀ ਬਣਾਓ:

- ਆਪਣਾ ਨਿਯੁਕਤੀ ਨੰਬਰ।
- ਆਪਣਾ ਵਿਦੇਸ਼ੀ ਲਾਈਸੈਂਸ ਅਤੇ ਅਨੁਵਾਦ ਜੇ ਚਾਹੀਦਾ ਹੋਵੇ (ਉਪਰ ਲਾਈਸੈਂਸ ਦਾ ਅਨੁਵਾਦ ਵੇਖੋ)।
- ਰੋਡਵਰਦੀ ਕਾਰ (ਵਿਕਰੋਡਜ਼ ਟੈਸਟਾਂ ਵਾਸਤੇ ਕਾਰਾਂ ਪਰਦਾਨ ਨਹੀਂ ਕਰਦਾ)।
- ਲਾਈਸੈਂਸ ਫੀਸ ਵਾਸਤੇ ਭੁਗਤਾਨ।

## ਡਰਾਈਵਿੰਗ ਟੈਸਟ ਤੋਂ ਬਾਅਦ

ਲਾਈਸੈਂਸ ਟੈਸਟਿੰਗ ਅਫਸਰ ਤੁਹਾਨੂੰ ਦੱਸੇਗਾ ਕਿ ਕੀ ਤੁਸੀਂ ਪਾਸ ਜਾਂ ਫੇਲ੍ਹ ਹੋ।

### ਜਦ ਤੁਸੀਂ ਸੜਕ ਉਪਰਲਾ ਡਰਾਈਵਿੰਗ ਟੈਸਟ ਪਾਸ ਕਰ ਲੈਂਦੇ ਹੋ

ਤੁਹਾਡੀ ਲਾਈਸੈਂਸ ਵਾਸਤੇ ਫੋਟੋ ਲਾਹੁਣ ਵਾਸਤੇ ਤੁਹਾਨੂੰ ਫੋਟੋ ਪੁਆਇੰਟ ਤੇ ਭੇਜਿਆ ਜਾਵੇਗਾ। ਲੱਗਭੱਗ ਹਫਤੇ ਦੇ ਅੰਦਰ ਅੰਦਰ ਤੁਹਾਡਾ ਲਾਈਸੈਂਸ ਡਾਕ ਰਾਹੀਂ ਪਹੁੰਚ ਜਾਵੇਗਾ। ਤੁਹਾਨੂੰ ਡਰਾਈਵਰ ਲਾਈਸੈਂਸ ਦੀ ਰਸੀਦ ਦਿੱਤੀ ਜਾਵੇਗੀ ਜੋ ਕਿ ਤੁਸੀਂ ਲਾਈਸੈਂਸ ਦੇ ਆਉਣ ਤੱਕ ਗੱਡੀ ਚਲਾਉਣ ਲਈ ਵਰਤ ਸਕਦੇ ਹੋ।

ਹੋਰ ਜਾਣਕਾਰੀ ਲਈ **vicroads.vic.gov.au** ਉਪਰ ਜਾਓ ਜਾਂ **13 11 71** ਤੇ ਫੋਨ ਕਰੋ ਜਾਂ ਵਿਕਰੋਡਜ਼ ਗਾਹਕ ਸੇਵਾ ਕੇਂਦਰ ਤੇ ਜਾਓ।

*ਇਸ ਤੱਥ ਸ਼ੀਟ ਵਿੱਚ ਦਿੱਤੀ ਗਈ ਜਾਣਕਾਰੀ ਪਰਕਾਸ਼ਨ ਦੇ ਸਮੇਂ ਠੀਕ ਸੀ ਅਤੇ ਬਦਲੀ ਜਾ ਸਕਦੀ ਹੈ।*

VRPIN02900 How to get your Victorian Driver Licence – Punjabi Authorised by VicRoads, 60 Denmark Street, Kew, 3101